# ਪਰਉਪਕਾਰ ਲਈ ਤਪੱਸਿਆ

ਚਾਨਣ ਮੁਨਾਰਾ

## ਕੀ ਤੁਸੀਂ 'ਸੀਸ ਗੰਜ' ਵਿਖੇ ਮੱਥਾ ਟੇਕਿਆ ਹੈ?

'ਸੀਸ ਗੰਜ' ਸਾਹਿਬ ਗੁਰਦੁਆਰਾ ਦਿੱਲੀ ਦੇ ਚਾਂਦਨੀ ਚੌਂਕ ਦੇ ਐਨ ਸਾਹਮਣੇ ਹੈ। ਇਥੇ 1675 ਈ: ਨੂੰ ਸਿੱਖਾਂ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਅਨੁੱਖਤਾ ਦੀ ਧਾਰਮਿਕ ਅਜ਼ਾਦੀ ਦੀ ਰੱਖਿਆ ਖਾਤਰ ਬਲੀਦਾਨ ਦਿੱਤਾ ਸੀ। ਗੱਲ ਇਉਂ ਚੱਲੀ ਕਿ ਹਿੰਦੁਸਤਾਨ ਦਾ ਬਾਦਸ਼ਾਹ ਔਰੰਗਜ਼ੇਬ ਬੜਾ ਸਿਰੜੀ ਤੇ ਜ਼ਿੱਦੀ ਮੁਸਲਮਾਨ ਸੀ, ਉਹਦੇ ਸਲਾਹਕਾਰਾਂ ਨੇ ਉਸ ਦੇ ਦਿਮਾਗ ਵਿੱਚ ਕੀੜਾ ਪਾ ਦਿੱਤਾ ਸੀ ਕਿ ਜੇ ਉਹ ਇਸਲਾਮ ਦਾ ਸੱਚਾ ਪੈਰੋਕਾਰ ਹੈ ਤਾਂ ਗੈਰ-ਮੁਸਲਿਮ ਲੋਕਾਂ ਨੂੰ ਇਸਲਾਮ ਦੇ ਘੇਰੇ ਵਿੱਚ ਲਿਆਵੇ, ਇਹਦੇ ਨਾਲ ਅੱਲਾ ਉਸ 'ਤੇ ਮਿਹਰਬਾਨ ਹੋਵੇਗਾ। ਔਰੰਗਜ਼ੇਬ ਨੇ ਇਸ ਨਿਸ਼ਾਨੇ ਨੂੰ ਲੈ ਕੇ ਕਸ਼ਮੀਰ ਵੱਲ ਰੁੱਖ ਕੀਤਾ ਤੇ ਉਥੋਂ ਦੇ ਕਸ਼ਮੀਰੀ ਪੰਡਤਾਂ ਨੂੰ ਸਭ ਤੋਂ ਪਹਿਲਾਂ ਦਬਾਉਣਾ ਸ਼ੁਰੂ ਕੀਤਾ ਕਿਉਂਕਿ ਉਹ ਸਮਝਦਾ ਸੀ ਕਿ ਜੇ ਪੰਡਤਾਂ ਨੂੰ ਇਸਲਾਮ ਵਿੱਚ ਲੈ ਆਈਏ ਤਾਂ ਇਹ ਸਿਆਣੇ ਹਨ, ਧਾਰਮਿਕ ਮੁੱਖੀ ਹਨ ਹਿੰਦੂ ਸਮਾਜ ਦੇ, ਬਾਕੀ ਸਾਰਿਆਂ ਨੂੰ ਮੁਸਲਮਾਨ ਬਨਾਉਣਾ ਤਾਂ ਫੇਰ ਬਹੁਤ ਹੀ ਸੌਖਾ ਹੈ।

ਆਪਣੀ ਇੱਛਾ ਨਾਲ ਤੇ ਖੁਸ਼ੀ ਨਾਲ ਜੇ ਕੋਈ ਹੋਰ ਧਰਮ ਧਾਰਨ ਕਰਦਾ ਹੈ ਤਾਂ ਉਸ ਨੂੰ ਰੋਕਣਾ ਵੀ ਧਰਮ ਦੇ ਵਿਰੁੱਧ ਹੈ ਪਰ ਜੇ ਕਿਸੇ ਨੂੰ ਧੱਕੇ ਨਾਲ ਕਿਸੇ ਧਰਮ ਨੂੰ ਧਾਰਨ ਕਰਨ ਲਈ ਕਿਹਾ ਜਾਏ ਤਾਂ ਇਹ ਵੀ ਧਰਮ ਦੇ ਸਖ਼ਤ ਵਿਰੋਧੀ ਕੰਮ ਹੈ। ਕਸ਼ਮੀਰੀ ਪੰਡਤਾਂ ਉੱਤੇ ਜ਼ੁਲਮ ਹੋਣ ਲੱਗੇ ਤਾਂ ਜੰਞੂ ਲਾਹ ਕੇ ਔਰੰਗਜ਼ੇਬ ਅੱਗੇ ਪੇਸ਼ ਹੁੰਦੇ..... ਇਉਂ 'ਧਰਮ ਪ੍ਰਸਾਰ' ਹੋਣ ਲੱਗਾ। ਇਹ ਕੈਸਾ ਧਰਮ ਵੱਧ ਰਿਹਾ ਸੀ?!!

ਕਸ਼ਮੀਰੀ ਲੋਕਾਂ ਵਿੱਚ 'ਗੁਰੂ ਘਰ' ਦੀ ਸ਼ੋਭਾ ਬੜੇ ਚਿਰਾਂ ਦੀ ਹੈ ਹੀ ਸੀ। ਪੰਡਤ ਕਿਰਪਾ ਰਾਮ ਜੋ ਕਿ ਪੰਡਤ ਜਵਾਹਰ ਲਾਲ ਨਹਿਰੂ ਦੇ ਬਜ਼ੁਰਗਾਂ 'ਚੋਂ ਸਤਵੀਂ ਪੀੜ੍ਹੀ 'ਚੋਂ ਸਨ, ਆਪਣੇ ਨਾਲ ਇਕ ਵਫ਼ਦ ਲਿਆ ਅਤੇ ਗੁਰੂ ਨਾਨਕ ਸਾਹਿਬ ਦੀ ਗੱਦੀ ਉੱਤੇ ਬਿਰਾਜਮਾਨ ਨੌਂਵੀਂ ਜੋਤ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਣੀ ਜਾ ਪਏ। ਗੁਰੂ ਜੀ ਨੇ ਸਾਰੀ ਵਿਥਿਆ ਸੁਣੀ ਅਤੇ ਭਰੋਸਾ ਦਿਵਾਇਆ ਕਿ 'ਗੁਰੂ ਘਰ' ਤੋਂ ਉਨ੍ਹਾਂ ਦੀ ਮੁਸੀਬਤ ਦਾ ਹੱਲ ਜ਼ਰੂਰ ਮਿਲੇਗਾ।

ਇਤਿਹਾਸ ਦੱਸਦਾ ਹੈ ਕਿ ਦਸਮੇਸ਼ ਪਿਤਾ ਉਸ ਸਮੇਂ ਨੌਂ ਸਾਲਾਂ ਦੇ ਸਨ ਤੇ ਸਾਰੀ ਭੇਂਟ ਵਾਰਤਾ ਸੁਣ ਰਹੇ ਸਨ। ਆਪ ਜੀ ਨੇ ਪਿਤਾ ਜੀ ਪਾਸੋਂ ਪੁੱਛਿਆ ਕਿ 'ਇਨ੍ਹਾਂ ਦੇ ਦੁੱਖ ਦਾ ਕੀ ਸਮਾਧਾਨ ਹੈ?' ਨੌਵੇਂ ਪਾਤਸ਼ਾਹ ਹੁਰਾਂ ਆਖਿਆ ਕਿ ਕਿਸੇ ਮਹਾਂਪੁਰਸ਼ ਦੀ ਬਲੀ ਹੀ ਇਨ੍ਹਾਂ ਉੱਤੇ ਹੋ ਰਹੇ ਜ਼ੁਲਮ ਨੂੰ ਰੋਕ ਸਕਦੀ ਹੈ। ਸ੍ਰੀ ਗੋਬਿੰਦ ਰਾਏ ਜੀ ਨੇ ਕਿਹਾ ਕਿ ਪਿਤਾ ਜੀ, ਆਪ ਤੋਂ ਵੱਧ ਕੇ ਧਰਮਾਤਮਾ ਕੌਣ ਹੋ ਸਕਦਾ ਹੈ?..... ਗੱਲ ਸਾਫ਼ ਸੀ ਤੇ ਨੌਂਵੇਂ ਪਾਤਸ਼ਾਹ ਜਾਣੀ ਜਾਣ ਸਨ ਕਿ ਸ੍ਰੀ ਗੋਬਿੰਦ ਰਾਏ ਜੀ ਸਿੱਖ ਧਰਮ ਦੀ ਅਗਵਾਈ ਲਈ ਤਿਆਰ ਹਨ।..... ਤੇ ਇੰਝ ਕਸ਼ਮੀਰੀ ਪੰਡਤਾਂ ਨੂੰ ਕਹਿ ਕੇ ਤੋਰ ਦਿੱਤਾ ਕਿ ਜਾਉ, ਔਰੰਗਜੇਬ ਨੂੰ ਕਹਿ ਦਿਓ ਕਿ ਜੇ ਗੁਰੂ ਤੇਗ ਬਹਾਦਰ ਸਾਹਿਬ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ। ਇਕ ਚਾਦਰ ਤਣੀ ਗਈ ਧਰਮ ਦੀ ਰਾਖੀ ਲਈ। ਪਰਉਪਕਾਰ ਦੀ ਛਤਰੀ ਤਣੀ ਗਈ ਜ਼ੁਲਮ ਦੀ ਬਾਰਸ਼ ਰੋਕਣ ਲਈ।

ਪਹਿਲੇ ਪਾਤਸ਼ਾਹ ਨੇ ਜਿਸ ਜਨੇਊ ਨੂੰ ਪਾਉਣ ਤੋਂ ਸਿਧਾਂਤਕ ਰੂਪ 'ਚ ਇਨਕਾਰ ਕੀਤਾ ਸੀ, ਉਸ ਜਨੇਊ ਦੇ ਵਿਸ਼ਵਾਸੀਆਂ ਦਾ ਵਿਸ਼ਵਾਸ ਬਚਾਉਣ ਲਈ 'ਤਾ ਕਾ' ਤਿਲਕ ਜੰਞੂ ਰੱਖਣ ਲਈ, ਨੌਂਵੇਂ ਗੁਰਾਂ ਨੇ ਚਾਂਦਨੀ ਚੌਂਕ ਵਿੱਚ ਆਪਣੇ ਤਿੰਨ ਗੁਰਸਿੱਖਾਂ ਦੀ ਅਸਹਿ ਅਕਹਿ ਕੁਰਬਾਨੀ ਉਪਰੰਤ ਸੀਸ ਦਾ ਬਲੀਦਾਨ ਦਿੱਤਾ।

ਗੁਰੂ ਤੇਗ ਬਹਾਦਰ ਜੀ ਦਾ ਮਨੁੱਖਤਾ 'ਤੇ ਇਹ ਮਹਾਨ ਪਰਉਪਕਾਰ ਸੀ। ਯੁੱਧਾਂ ਵਿੱਚ ਸੂਰਮਗਤੀ ਦਿਖਾਉਣ ਵਾਲੇ ਗੁਰੂ ਤੇਗ ਬਹਾਦਰ, ਸਿਮਰਨ ਦੀ ਮੂਰਤ ਤੇ ਤਿਆਗ ਦੀ ਲਾਮਿਸਾਲ ਸ਼ਖ਼ਸੀਅਤ ਦੁਆਰਾ ਉਚਰਿਤ ਗੁਰਬਾਣੀ, ਮਨ ਵਿੱਚ ਵੈਰਾਗ ਪੈਦਾ ਕਰਦੀ ਹੈ ਤੇ ਸੰਸਾਰ ਦੇ ਪ੍ਰਤੀ ਅਸਲੀਅਤ 'ਤੇ ਰੌਸ਼ਨੀ ਪਾਉਂਦੀ ਹੈ।

ਜਦੋਂ ਕਹਿੰਦੇ ਹਾਂ **'ਤੇਗ ਬਹਾਦਰ ਸਿਮਰਿਐ ਘਰਿ ਨਉ ਨਿਧਿ ਆਵੈ ਧਾਇ'**। ਤਾਂ ਇਸ ਦਾ ਭਾਵ ਹੈ ਗੁਰੂ ਜੀ ਦੁਆਰਾ ਉਚਰੀ ਬਾਣੀ ਦੇ ਅਨੁਕੂਲ ਜੀਵਨ ਜਾਚ ਅਪਨਾਉਂਦਿਆਂ ਪ੍ਰਮਾਤਮਾ ਦਾ ਸਿਮਰਨ ਕਰੀਏ ਤਾਂ ਸਾਡੇ ਮਨ ਤਨ ਤੇ ਗ੍ਰਹਿ ਵਿਖੇ ਨੌਂ ਖ਼ਜ਼ਾਨੇ ਆ ਜਾਂਦੇ ਹਨ। ਅਸਲ ਖੁਸ਼ੀਆਂ ਦਾ ਭੰਡਾਰ ਖੁੱਲ੍ਹ ਜਾਂਦਾ ਹੈ ਜਦੋਂ ਅਸੀਂ ਸਵਾਰਥ ਵਲੋਂ ਹੱਟ ਕੇ ਪਰਉਪਕਾਰ ਦੀ ਸੋਚ ਲੈ ਕੇ ਸੰ[illegible]

### ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | |
|---|---|
| 5 ਦਸੰਬਰ | ਜਨਮ ਭਾਈ ਵੀਰ ਸਿੰਘ ਜੀ |
| 10 ਦਸੰਬਰ | ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਜੀ |
| 12 ਦਸੰਬਰ | ਜਨਮ ਸਾਹਿਬਜ਼ਾਦਾ ਫਤਹਿ ਸਿੰਘ ਜੀ |
| 21 ਦਸੰਬਰ | ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ |
| 26 ਦਸੰਬਰ | ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ |

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ (ਪੰਨਾ ੭੪੯)**